# ਦਫ਼ਤਰ ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ ਪੰਜਾਬ

(ਪੁੱਡਾ ਭਵਨ, ਸੈਕਟਰ-62, ਐਸ.ਏ.ਐਸ. ਨਗਰ)

ਸੇਵਾ ਵਿਖੇ

ਡਿਪਟੀ ਕਮਿਸ਼ਨਰ,
ਐਸ.ਏ.ਐਸ. ਨਗਰ, ਮੋਹਾਲੀ।
ਨੰ. ਗਮਾਡਾ-ਐਲ.ਏ.ਸੀ.2026/
ਮਿਤੀ:

ਵਿਸ਼ਾ- ਮੈਸ.ਡੀ.ਐਲ.ਐਫ. ਹੋਮ ਡਵੈਲਪਰਜ਼ ਲਿਮ. ਕੰਪਨੀ ਦੇ ਨਿਊ ਚੰਡੀਗੜ੍ਹ ਵਿਖੇ ਮੇਗਾ ਹਾਊਸਿੰਗ ਪ੍ਰੋਜੈਕਟ ਵਿੱਚ ਪੈਂਦੇ ਪਿੰਡ ਦੇਵੀ ਨਗਰ, ਸਲਾਮਤਪੁਰ, ਰਤਵਾੜਾ ਅਤੇ ਭੜੌਂਜੀਆਂ ਦਾ ਰਕਬਾ ਕ੍ਰਿਟੀਕਲ ਗੈਪ ਵੱਜੋਂ ਐਕਵਾਇਰ ਕਰਨ ਲਈ ਭੌਂ ਪ੍ਰਾਪਤ ਕਰਨ ਬਾਰੇ ਧਾਰਾ 7 ਅਧੀਨ ਐਕਸਪਰਟ ਗਰੁੱਪ ਦੀਆਂ ਸਿਫਾਰਸ਼ਾਂ ਡਿਸਕਲੋਜ਼ ਕਰਨ ਸਬੰਧੀ।

ਦੱਸਿਆ ਜਾਂਦਾ ਹੈ ਕਿ ਵਿਸ਼ੇ ਸਬੰਧੀ ਸਕੀਮ ਲਈ ਨਿਮਨ ਪਿੰਡ ਦੀ ਐਕਵਾਇਰ ਕੀਤੀ ਜਾ ਰਹੀ ਭੌਂ ਸਬੰਧੀ ਪ੍ਰਾਪਤ ਹੋਈ ਸੋਸ਼ਲ ਇੰਪੈਕਟ ਅਸੈਸਮੈਂਟ ਰਿਪੋਰਟ ਦੇ ਮੁਲਾਂਕਣ ਲਈ ਪੰਜਾਬ ਸਰਕਾਰ ਵੱਲੋਂ The Right to Fair Compensation and Transparency in Land Acquisition , Rehabilitation and Resettlement Act,2013 ਦੀ ਧਾਰਾ 7 ਤਹਿਤ ਗਠਿਤ ਕੀਤੇ ਐਕਸਪਰਟ ਗੁਰੱਪ ਵੱਲੋਂ ਘੋਖ ਕੀਤੀ ਗਈ:-

**ਪਿੰਡਾਂ ਦੇ ਨਾਮ**

ਭੜੌਂਜੀਆਂ, ਦੇਵੀ ਨਗਰ, ਰਤਵਾੜਾ ਅਤੇ ਸਲਾਮਤਪੁਰ

ਐਕਸਪਰਟ ਗਰੁੱਪ ਦਾ ਵਿਚਾਰ ਹੈ ਕਿ

1. ਪ੍ਰੋਜੈਕਟ ਲਈ ਪ੍ਰਾਪਤ ਕੀਤੀ ਜਾ ਰਹੀ ਭੌਂ ਨਾਲ ਪਬਲਿਕ ਮੰਤਵ ਪੂਰਾ ਹੁੰਦਾ ਹੈ।
2. ਸੰਭਾਵਿਤ ਲਾਭ ਸਮਾਜਿਕ ਲਾਗਤਾਂ ਅਤੇ ਪ੍ਰਤੀਕੂਲ ਸਮਾਜਿਕ ਪ੍ਰਭਾਵਾਂ ਨਾਲੋਂ ਜ਼ਿਆਦਾ ਹਨ।
3. ਕਿਉਂਕੇ ਇਸ ਪ੍ਰੋਜੈਕਟ ਲਈ ਪ੍ਰਾਪਤ ਕੀਤੀ ਜਾਣ ਵਾਲੀ ਭੌਂ ਘੱਟ ਤੋਂ ਘੱਟ ਹੈ।

ਇਸ ਲਈ ਸਾਰਾ ਮਾਮਲਾ ਵਿਚਾਰਨ/ਘੋਖਣ ਉਪਰੰਤ ਇਸ ਪ੍ਰੋਜੈਕਟ ਲਈ ਤਜਵੀਜ ਕੀਤੀ ਭੌਂ ਪ੍ਰਾਪਤ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਭੌਂ ਪ੍ਰਾਪਤੀ ਕੁਲੈਕਟਰ

ਪਿੱਠ ਅੰਕਣ ਨੰ. ਗਮਾਡਾ -ਐਲ.ਏ.ਸੀ.2026/ 8822 ਮਿਤੀ: 30/6/26

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਘੱਲਿਆ ਜਾਂਦਾ ਹੈ :-

1. ਸਬ- ਡਵੀਜਨਲ ਮੈਜਿਸਟਰੇਟ,ਖਰੜ।
2. ਨਾਇਬ ਤਹਿਸੀਲਦਾਰ/ਤਹਿਸੀਲਦਾਰ, ਮਾਜਰੀ ਅਤੇ ਖਰੜ।
3. ਸਰਪੰਚ ਪਿੰਡ ਭੜੌਂਜੀਆਂ, ਦੇਵੀ ਨਗਰ, ਰਤਵਾੜਾ ਅਤੇ ਸਲਾਮਤਪੁਰ ਨੂੰ ਕਿਹਾ ਜਾਂਦਾ ਹੈ ਕਿ ਇਸ ਪੱਤਰ ਦੀ ਨਕਲ ਪਿੰਡ ਦੀਆਂ ਮਸ਼ਹੂਰ ਥਾਂਵਾਂ ਜਿਵੇਂ ਕਿ ਗੁਰਦੁਆਰਾ ਸਾਹਿਬ, ਮੰਦਰਾਂ, ਮਸਜਿਦ, ਜੰਞ ਘਰ,ਆਦਿ ਦੇ ਨੋਟਿਸ ਬੋਰਡ ਤੇ ਚਸਪਾ ਕਰਵਾਈ ਜਾਵੇ।
4. ਜੀ.ਐਮ. ( ਆਈ.ਟੀ), ਗਮਾਡਾ ਨੂੰ ਇਹ ਪੱਤਰ ਗਮਾਡਾ ਦੀ ਵੈਬ-ਸਾਇਟ ਤੇ ਅਪ-ਲੋਡ ਕਰਨ ਲਈ।
5. ਸੁਪਰਡੰਟ ਹਾਊਸਿੰਗ-1 (ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ) ਨੂੰ ਅਗਲੇਰੀ ਕਾਰਵਾਈ ਹਿੱਤ।

ਭੌਂ ਪ੍ਰਾਪਤੀ ਕੁਲੈਕਟਰ

File No:H-U-H1/91/2025-6H1

2/897/26

ਪੰਜਾਬ ਸਰਕਾਰ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ
(ਮਕਾਨ ਉਸਾਰੀ-1 ਸ਼ਾਖਾ)

ਸੇਵਾ ਵਿਖੇ

ਮੁੱਖ ਪ੍ਰਸ਼ਾਸਕ,
ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ),
ਪੁੱਡਾ ਭਵਨ, ਐਸ.ਏ.ਐਸ. ਨਗਰ।
ਮਿਤੀ:ਚੰਡੀਗੜ੍ਹ: 30/6/2026.

ਵਿਸ਼ਾ:- **Minutes of the meeting of Expert Group constituted under Section 7 of the RFCTLARR Act, 2013 regarding Acquisition of 8.48 Acres of land as Critical Gap in the project of DLF Home Developers Ltd. to develop the mega project in village Bharonjia, Salamatpur, Devi Nagar and Ratwara in the area of Tehsil Kharar, District Sahibzada Ajit Singh Nagar.**

*******

ਉਪਰੋਕਤ ਵਿਸ਼ੇ ਤੇ ਆਪ ਦੇ ਦਫ਼ਤਰ ਵੱਲੋਂ ਈ-ਮਿਸਲ ਨੰ: 989293 -GMADA/1098/2025-LAND ACQ ਰਾਹੀਂ ਭੇਜੀ ਗਈ ਤਜਵੀਜ਼ ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਦੇ ਸਬੰਧ ਵਿੱਚ ਮੈਸ: ਡੀ.ਐਲ.ਐਫ ਹੋਮ ਡਿਵੈਲਪਰਜ਼ ਲਿਮ. ਕੰਪਨੀ ਦੇ ਨਿਊ ਚੰਡੀਗੜ੍ਹ ਵਿਖੇ ਮੈਗਾ ਹਾਊਸਿੰਗ ਪ੍ਰੋਜੈਕਟ ਵਿੱਚ ਪੈਂਦੇ ਪਿੰਡ ਦੇਵੀਨਗਰ, ਸਲਾਮਤਪੁਰ, ਰਤਵਾੜਾ ਅਤੇ ਭੜੌਂਜੀਆ ਦੇ 8.48 ਏਕੜ ਰਕਬੇ ਨੂੰ ਭੌਂ ਪ੍ਰਾਪਤੀ ਐਕਟ, 2013 ਤਹਿਤ ਬਤੌਰ ਕ੍ਰਿਟਿਕਲ ਗੈਪ ਵੱਜੋਂ ਐਕੁਆਇਰ ਕਰਨ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਸਮਾਜਿਕ ਪ੍ਰਭਾਵ ਮੁਲਾਂਕਣ ਕੀਤਾ ਗਿਆ ਜਿਸ ਉਪਰੰਤ ਉਕਤ ਅਥਾਰਟੀ ਵੱਲੋਂ ਪੇਸ਼ ਕੀਤੀ ਗਈ ਸਮਾਜਿਕ ਪ੍ਰਭਾਵ ਮੁਲਾਂਕਣ ਸਬੰਧੀ ਰਿਪੋਰਟ ਬਾਰੇ ਸਿਫਾਰਿਸ਼ਾਂ/ਸੁਝਾਅ ਦੇਣ ਹਿੱਤ ਸਰਕਾਰ ਪੱਧਰ ਤੇ ਮਾਹਿਰ ਕਮੇਟੀ ਦਾ ਗਠਨ ਕੀਤਾ ਗਿਆ ਸੀ। ਮਾਹਿਰ ਕਮੇਟੀ ਵੱਲੋਂ ਪੇਸ਼ ਕੀਤੀਆਂ ਗਈਆ ਸਿਫਾਰਿਸ਼ਾਂ ਨੂੰ ਸਮਰੱਥ ਅਥਾਰਟੀ ਦੇ ਪੱਧਰ ਤੇ ਵਿਚਾਰਨ ਉਪਰੰਤ ਪ੍ਰਵਾਨ ਕਰ ਲਿਆ ਗਿਆ ਹੈ।

3. ਉਪਰੋਕਤ ਦੇ ਸਨਮੁੱਖ ਆਪ ਨੂੰ ਲਿਖਿਆ ਜਾਂਦਾ ਹੈ ਕਿ ਮਾਹਿਰ ਗਰੁੱਪ ਦੀਆਂ ਸਿਫ਼ਾਰਿਸ਼ਾਂ ਨੂੰ ਸਰਕਾਰ ਪੱਧਰ ਤੇ ਵਿਚਾਰਨ ਉਪਰੰਤ ਇਸ ਪ੍ਰੋਜੈਕਟ ਵਿੱਚ ਪੈਂਦੀ ਜਗ੍ਹਾ ਨੂੰ ਐਕੁਆਇਰ ਕਰਨ ਹਿੱਤ ਫੈਸਲਾ ਲਿਆ ਗਿਆ ਹੈ। ਇਸ ਲਈ ਭੌਂ ਪ੍ਰਾਪਤੀ ਐਕਟ, 2013 ਵਿੱਚ ਦਰਜ ਵਿਧੀ ਅਨੁਸਾਰ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

4. ਇਹ ਪੱਤਰ ਸਮਰੱਥ ਅਥਾਰਟੀ ਵੱਲੋਂ ਦਿੱਤੀ ਗਈ ਪ੍ਰਵਾਨਗੀ ਦੇ ਸਨਮੁੱਖ ਜਾਰੀ ਕੀਤਾ ਜਾਂਦਾ ਹੈ।

ਸੁਪਰਡੰਟ

Scanned with OKEN Scanner